WORKSAFEBC | ਜਾਣਕਾਰੀ ਬੁਲੇਟਿਨ

# ਵਰਕਸੇਫਬੀਸੀ ਨੇ ਐਲਾਨ ਕੀਤਾ ਹੈ ਕਿ 2026 ਵਿੱਚ ਕੰਮ-ਮਾਲਕਾਂ ਲਈ ਔਸਤ ਬੇਸ ਪ੍ਰੀਮੀਅਮ ਦਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ

*ਅਗਲੇ ਸਾਲ, 570 ਮਿਲੀਅਨ ਡਾਲਰ ਦੇ ਵਧੇ (ਸਰਪਲੱਸ) ਫੰਡ, ਦਰਾਂ ਨੂੰ ਸਥਿਰ ਅਤੇ ਸਿਸਟਮ ਨੂੰ ਚਲਾਉਣ ਦੀਆਂ ਲਾਗਤਾਂ ਤੋਂ ਘੱਟ ਰੱਖਦਿਆਂ ਹੋਇਆਂ ਬੀ.ਸੀ. ਦੇ ਕੰਮ-ਮਾਲਕਾਂ ਨੂੰ ਵਾਪਸ ਕਰ ਦਿੱਤੇ ਜਾਣਗੇ।*

**ਰਿਚਮੰਡ, ਬੀ.ਸੀ. (14 ਜੁਲਾਈ, 2025)** — ਵਰਕਸੇਫਬੀਸੀ ਨੇ ਅੱਜ ਐਲਾਨ ਕੀਤਾ ਹੈ ਕਿ 2026 ਲਈ ਮੁਢਲੀ ਔਸਤ ਬੇਸ ਪ੍ਰੀਮੀਅਮ ਦਰ 100 ਡਾਲਰ ਦੀ ਟੈਕਸ ਲਾਉਣ ਯੋਗ ਕੁੱਲ ਦਿੱਤੀ ਜਾਂਦੀ ਤਨਖਾਹ (ਪੇਅਰੋਲ) ਪਿੱਛੇ 1.55 ਡਾਲਰ 'ਤੇ ਰਹੇਗੀ। ਇਹ ਵਰਕਸੇਫਬੀਸੀ ਦੇ ਬੋਰਡ ਦੇ ਡਾਇਰੈਕਟਰਾਂ ਦੀ ਅੰਤਿਮ ਪ੍ਰਵਾਨਗੀ ਲਈ ਵਿਚਾਰ ਅਧੀਨ ਹੈ ਅਤੇ ਇਹ ਲਗਾਤਾਰ ਨੌਂਵਾਂ ਸਾਲ ਹੋਵੇਗਾ ਜਦੋਂ ਔਸਤ ਬੇਸ ਦਰ ਇਸ ਪੱਧਰ 'ਤੇ ਟਿਕੀ ਹੋਈ ਹੈ।

## ਸਰਪਲੱਸ ਫੰਡ ਕੰਮ-ਮਾਲਕਾਂ ਨੂੰ ਵਾਪਸ ਕੀਤੇ ਗਏ

ਵਰਕਸੇਫਬੀਸੀ ਦੀ ਮਜ਼ਬੂਤ ਮਾਲੀ ਹਾਲਤ – ਇਨਵੈਸਟਮੈਂਟ (ਨਿਵੇਸ਼) ਤੋਂ ਲੋੜੀਂਦੀ ਘੱਟੋ-ਘੱਟ ਕਮਾਈ ਤੋਂ ਵੱਧ ਕਮਾਈ ਹੋਣ – ਕਾਰਨ ਵਰਕਸੇਫਬੀਸੀ ਵਰਕਰਾਂ ਨੂੰ ਵੱਧ ਭੱਤੇ ਦਿੰਦਿਆਂ, ਸਰਪਲੱਸ ਫੰਡ ਕੰਮ-ਮਾਲਕਾਂ ਨੂੰ ਵਾਪਸ ਕਰਨ ਦੇ ਯੋਗ ਹੋਈ ਹੈ।

ਵਰਕਸੇਫਬੀਸੀ ਦੇ ਦਰ ਸੈੱਟ ਕਰਨ ਦੇ ਤਰੀਕੇ ਵਿੱਚ ਅਜਿਹਾ ਸਿਸਟਮ ਸ਼ਾਮਲ ਹੈ ਜਿਹੜਾ ਫੰਡਾਂ ਦੇ ਆਪਣੇ ਟੀਚੇ ਦੇ ਪੱਧਰ ਤੋਂ ਵੱਧ ਜਾਣ 'ਤੇ ਕੰਮ-ਮਾਲਕਾਂ ਨੂੰ ਸਰਪਲੱਸ ਫੰਡ ਵਾਪਸ ਕਰ ਦਿੰਦਾ ਹੈ। 2026 ਵਿੱਚ, ਵਰਕਸੇਫਬੀਸੀ ਘੱਟ ਕੀਤੀਆਂ ਦਰਾਂ ਰਾਹੀਂ ਲਗਭਗ 570 ਮਿਲੀਅਨ ਡਾਲਰ ਸਰਪਲੱਸ ਫੰਡ ਕੰਮ-ਮਾਲਕਾਂ ਨੂੰ ਵਾਪਸ ਕਰਨ ਦਾ ਪ੍ਰਸਤਾਵ ਰੱਖ ਰਿਹਾ ਹੈ।

ਵਰਕਸੇਫਬੀਸੀ ਦਾ ਅਨੁਮਾਨ ਹੈ ਕਿ 2019 ਅਤੇ 2026 ਦੇ ਵਿਚਕਾਰ, ਵਰਕਰਜ਼ ਕੰਪਨਸੇਸ਼ਨ ਦੇ ਸਿਸਟਮ ਨੂੰ ਚਲਾਉਣ ਲਈ ਪ੍ਰੀਮੀਅਮ ਦਰਾਂ ਨੂੰ ਲਾਗਤ ਤੋਂ ਘੱਟ ਰੱਖ ਕੇ 3 ਬਿਲੀਅਨ ਡਾਲਰ ਦੇ ਸਰਪਲੱਸ ਫੰਡ ਕੰਮ-ਮਾਲਕਾਂ ਨੂੰ ਵਾਪਸ ਕਰ ਦਿੱਤੇ ਜਾਣਗੇ।

ਫਰਕ ਨੂੰ ਸਰਪਲੱਸ ਫੰਡਾਂ ਨਾਲ ਪੂਰਾ ਕਰਕੇ 1.55 ਡਾਲਰ ਦੀ ਮੁਢਲੀ ਔਸਤ ਪ੍ਰੀਮੀਅਮ ਦਰ 1.83 ਡਾਲਰ ਦੀ ਅਨੁਮਾਨਿਤ ਔਸਤ ਲਾਗਤ ਦਰ ਨਾਲੋਂ 15 ਪ੍ਰਤੀਸ਼ਤ ਘੱਟ ਹੋਵੇਗੀ। ਸਰਪਲੱਸ ਤੋਂ ਬਿਨਾਂ, ਔਸਤ ਪ੍ਰੀਮੀਅਮ ਦਰ ਨੂੰ ਔਸਤ ਲਾਗਤ ਦਰ ਨਾਲ ਮੇਲਣ ਲਈ ਵਧਾਉਣ ਦੀ ਲੋੜ ਹੋਵੇਗੀ।

## 2026 ਵਿੱਚ ਕੀਤੀਆਂ ਤਬਦੀਲੀਆਂ ਦਰ ਦੀ ਸਥਿਰਤਾ ਨੂੰ ਵਧਾਉਣਗੀਆਂ

ਜਦੋਂ ਕਿ 2026 ਵਿੱਚ ਔਸਤ ਬੇਸ ਦਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ, ਹਰ ਸਾਲ, ਕੁਝ ਇੰਡਸਟਰੀਆਂ ਵਿੱਚ ਲਾਗਤਾਂ ਵਧਦੀਆਂ ਹਨ, ਕੁਝ ਵਿੱਚ ਘਟਦੀਆਂ ਹਨ ਅਤੇ ਬਾਕੀਆਂ ਵਿੱਚ ਉਹੀ ਰਹਿੰਦੀਆਂ ਹਨ। 2026 ਵਿੱਚ, ਬੀ.ਸੀ. ਵਿੱਚ 39 ਪ੍ਰਤੀਸ਼ਤ ਕੰਮ-ਮਾਲਕਾਂ ਦੀ ਇੰਡਸਟਰੀ ਦੀ ਬੇਸ ਦਰ ਵਿੱਚ ਕਮੀ ਹੋਣ ਦਾ ਅਨੁਮਾਨ ਹੈ, 47 ਪ੍ਰਤੀਸ਼ਤ ਆਪਣੀ ਇੰਡਸਟਰੀ ਦੀ ਬੇਸ ਦਰ ਵਿੱਚ ਵਾਧਾ ਹੋਇਆ ਦੇਖਣਗੇ, ਅਤੇ 14 ਪ੍ਰਤੀਸ਼ਤ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

ਸੂਬੇ ਨੂੰ ਦਰਪੇਸ਼ ਆਰਥਿਕ ਅਸਥਿਰਤਾ ਨੂੰ ਦੇਖਦੇ ਹੋਏ, ਵਰਕਸੇਫਬੀਸੀ ਨੇ ਬੀ.ਸੀ. ਦੀਆਂ ਇੰਡਸਟਰੀਆਂ ਲਈ 2026 ਦੀਆਂ ਦਰਾਂ ਵਿੱਚ ਵੱਧ ਤੋਂ ਵੱਧ ਵਾਧੇ ਅਤੇ ਕਟੌਤੀਆਂ ਕਰਨ ਵਿੱਚ ਤਬਦੀਲੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ 20 ਪ੍ਰਤੀਸ਼ਤ ਤੱਕ ਸੀਮਤ ਕੀਤਾ ਜਾਂਦਾ ਰਿਹਾ ਹੈ। 2026 ਲਈ, ਵਾਧੇ ਦੀ ਦਰ ਨੂੰ 10 ਪ੍ਰਤੀਸ਼ਤ ਤੱਕ ਸੀਮਤ ਕੀਤਾ ਜਾਵੇਗਾ, ਜਦੋਂ ਕਿ ਦਰ ਵਿੱਚ ਕਟੌਤੀ ਨੂੰ ਲਗਭਗ 40 ਪ੍ਰਤੀਸ਼ਤ ਤੱਕ ਕਰ ਦੇਣ ਦੀ ਆਗਿਆ ਦਿੱਤੀ ਜਾਵੇਗੀ। ਇਸ ਤਬਦੀਲੀ ਦਾ ਉਦੇਸ਼ ਚੁਨੌਤੀ ਪੂਰਨ ਆਰਥਿਕ ਸਮੇਂ ਦੌਰਾਨ ਬੀ.ਸੀ. ਦੇ ਕੰਮ-ਮਾਲਕਾਂ ਲਈ ਦਰ ਦੀ ਵਧੇਰੇ ਸਥਿਰਤਾ ਪ੍ਰਦਾਨ ਕਰਨਾ ਹੈ।

## ਵਰਕਰਜ਼ ਕੰਪਨਸੇਸ਼ਨ ਸਿਸਟਮ ਨੂੰ ਚਲਾਉਣ ਲਈ ਪ੍ਰੀਮੀਅਮਾਂ ਰਾਹੀਂ ਫੰਡ ਮਿਲਦੇ ਹਨ।

*ਵਰਕਰਜ਼ ਕੰਪਨਸੇਸ਼ਨ ਐਕਟ* ਵਰਕਸੇਫਬੀਸੀ ਤੋਂ ਵਰਕਰਜ਼ ਕੰਪਨਸੇਸ਼ਨ ਸਿਸਟਮ ਲਈ ਭੁਗਤਾਨ ਕਰਨ ਲਈ ਕੰਮ-ਮਾਲਕਾਂ ਲਈ ਸਾਲਾਨਾ ਪ੍ਰੀਮੀਅਮ ਦਰਾਂ ਨਿਰਧਾਰਿਤ ਕਰਨ ਦੀ ਮੰਗ ਕਰਦਾ ਹੈ। ਇਹ ਸਿਸਟਮ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਅੱਜ ਦੇ ਕੰਮ-ਮਾਲਕ ਅੱਜ ਦੇ ਕੰਮ ਵਾਲੀ ਥਾਂ 'ਤੇ ਲੱਗਣ ਵਾਲੀਆਂ ਸੱਟਾਂ ਦੀ ਪੂਰੀ ਕੀਮਤ ਲਈ ਜ਼ਿੰਮੇਵਾਰ ਹਨ।

ਸੂਬੇ ਵਿੱਚ ਸੱਟਾਂ ਦੀ ਦਰ, ਕੰਮ 'ਤੇ ਵਾਪਸੀ ਦੀ ਕਾਰਗੁਜ਼ਾਰੀ ਅਤੇ ਕਲੇਮਾਂ ਨਾਲ ਸੰਬੰਧਿਤ ਲਾਗਤ, ਅਤੇ ਨਾਲ ਹੀ ਨਿਵੇਸ਼ ਕੀਤੀ ਪੂੰਜੀ ਦੀ ਨਿਵੇਸ਼ ਤੋਂ ਲੋੜੀਂਦੀ ਕਮਾਈ ਦੇ ਮੁਕਾਬਲੇ ਕਾਰਗੁਜ਼ਾਰੀ, ਸਾਲਾਨਾ ਬੇਸ ਪ੍ਰੀਮੀਅਮ ਦਰਾਂ 'ਤੇ ਅਸਰ ਪਾਉਂਦੇ ਹਨ।

ਵਰਕਸੇਫਬੀਸੀ ਸਿਰਫ ਕੰਮ-ਮਾਲਕਾਂ ਤੋਂ ਲਏ ਪ੍ਰੀਮੀਅਮਾਂ ਅਤੇ ਨਿਵੇਸ਼ ਕੀਤੀ ਪੂੰਜੀ ਨਾਲ ਹੋਈ ਕਮਾਈ ਨਾਲ ਗੈਰ-ਮੁਨਾਫ਼ਾ ਸਿਸਟਮ ਚਲਾਉਂਦਾ ਹੈ। ਕੰਮ ਨਾਲ ਸੰਬੰਧਿਤ ਸੱਟਾਂ ਅਤੇ ਬਿਮਾਰੀਆਂ, ਸਿਹਤ ਸੰਭਾਲ, ਤਨਖਾਹ ਦੇ ਨੁਕਸਾਨ, ਮੁੜ-ਬਹਾਲੀ ਅਤੇ ਪ੍ਰਸ਼ਾਸਨ ਨਾਲ ਜੁੜੇ ਖਰਚੇ ਜਿਨ੍ਹਾਂ ਵਿੱਚ ਰੋਕਥਾਮ ਅਤੇ ਸੁਰੱਖਿਆ ਲਈ ਕੀਤੀਆਂ ਜਾਂਦੀਆਂ ਪਹਿਲਕਦਮੀਆਂ ਸ਼ਾਮਲ ਹਨ, ਲਈ ਪ੍ਰੀਮੀਅਮਾਂ ਰਾਹੀਂ ਇਕੱਠੇ ਕੀਤੇ ਜਾਂਦੇ ਫੰਡ ਵਰਤੇ ਜਾਂਦੇ ਹਨ।

ਵਰਕਸੇਫਬੀਸੀ ਦੇ ਡਾਇਰੈਕਟਰਾਂ ਦਾ ਬੋਰਡ ਇਸ ਸਾਲ ਨਵੰਬਰ ਵਿੱਚ 2026 ਦੀਆਂ ਪ੍ਰੀਮੀਅਮ ਦਰਾਂ ਨੂੰ ਅੰਤਿਮ ਰੂਪ ਦੇਵੇਗਾ।

**ਰੇਟ ਬਾਰੇ ਜਾਣਕਾਰੀ ਸੈਸ਼ਨ**

ਇਨ੍ਹਾਂ ਗਰਮੀਆਂ ਵਿੱਚ ਹਿੱਸੇਦਾਰਾਂ ਨਾਲ ਰੇਟ ਬਾਰੇ ਜਾਣਕਾਰੀ ਸੈਸ਼ਨ ਕੀਤੇ ਜਾਣਗੇ, ਜਿਨ੍ਹਾਂ ਵਿੱਚ ਆਮ ਜਾਣਕਾਰੀ ਸੈਸ਼ਨ 15, 16 ਅਤੇ 17 ਜੁਲਾਈ ਨੂੰ ਤਹਿ ਕੀਤੇ ਗਏ ਹਨ। ਇਹ ਸੈਸ਼ਨ ਵਰਕਸੇਫਬੀਸੀ ਲਈ ਵਰਕਰਜ਼ ਕੰਪਨਸੇਸ਼ਨ ਸਿਸਟਮ ਦੀ ਮਾਲੀ ਹਾਲਤ, ਰੇਟ ਅਤੇ ਵਰਗੀਕਰਨ ਵਿੱਚ ਤਬਦੀਲੀਆਂ, ਅਤੇ ਸਿਹਤ ਅਤੇ ਸੁਰੱਖਿਆ ਅਤੇ ਕੰਮ 'ਤੇ ਵਾਪਸੀ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਬਾਰੇ ਅੱਪਡੇਟ ਪ੍ਰਦਾਨ ਕਰਨ ਦਾ ਮੌਕਾ ਹਨ। ਹੋਰ ਵੇਰਵੇ worksafebc.com 'ਤੇ ਔਨਲਾਈਨ ਪੋਸਟ ਕੀਤੇ ਗਏ ਹਨ।

-30-

**ਵਧੇਰੇ ਜਾਣਕਾਰੀ**

- ਮੀਡੀਆ ਬੈਕਗ੍ਰਾਉਂਡਰ: ਪ੍ਰੀਮੀਅਮ ਦਰਾਂ
- ਮੀਡੀਆ ਬੈਕਗ੍ਰਾਉਂਡਰ: ਫੰਡਾਂ ਦੀ ਹਾਲਤ (ਸਰਪਲੱਸ)
- ਮੀਡੀਆ ਬੈਕਗ੍ਰਾਉਂਡਰ: ਮਾਲੀ ਪ੍ਰਬੰਧ

**ਵਰਕਸੇਫਬੀਸੀ ਬਾਰੇ**

*ਵਰਕਸੇਫਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸੰਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਵਰਕਰਾਂ ਅਤੇ 285,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

**ਹੋਰ ਜਾਣਕਾਰੀ ਲਈ, ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157